# ਬੱਚਿਆਂ ਲਈ ਬਾਈਬਲ

## ਉਪੱਸਥਿਤ



# ਦਾਨੀਏਲ ਅਤੇ ਸ਼ੇਰਾਂ ਦੇ ਘੁਰੇ


ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Jonathan Hay

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਦਲਿਆ ਗਿਆ : Mary-Anne S.



ਕਹਾਣੀ 34 ਤ 60

**www.M1914.org**

***Bible for Children,*** *PO Box 3, Winnipeg, MB R3C 2G1 Canada*



ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਪੰਜਾਬੀ

Punjabi

ਦਾਰਾ ਬੇਬੀਲੋਨ ਦਾ ਨਵਾਂ ਬਾਦਸ਼ਾਹ ਸੀ। ਉਹ ਚੰਗਾ ਸੀ। ਉਸ ਨੇ ਇੱਕ ਸੋ ਵੀਹ (120) ਮਨਸਬਦਾਰਾਂ ਨੂੰ ਚੁਣਿਆ ਜੋ ਰਾਜ ਨੂੰ ਚਲਾਉਣ ਵਿੱਚ ਉਸਦੀ ਮਦਦ ਕਰਨ।



1

ਤਦ ਉਸਨੇ ਉਹਨਾ ਉੱਤੇ ਪਰਧਾਨ ਹੋਣ ਲਈ ਤਿੰਨਾਂ ਨੂੰ ਚੁਣਿਆ। ਦਾਨੀਏਲ ਉਹਨਾਂ ਤਿੰਨਾਂ ਵਿੱਚੋ ਇੱਕ ਸੀਂ।



2

ਬਾਦਸ਼ਾਹ ਦਾਰਾ ਦਾਨੀਏਲ ਦੀ ਇੱਜਤ ਕਰਦਾ ਸੀ, ਉਸਨੇ ਉਸ ਨੂੰ ਸਾਰੇ ਰਾਜ ਉੱਤੇ ਮੁਖਤਿਆਰ ਬਣਾਉਣ ਲਈ ਸੋਚਿਆ।



3

ਬਾਕੀ ਮਨਸਬਦਾਰ ਉਸ ਤੋਂ ਨਫਰਤ ਕਰਦੇ ਸੀ। ਉਹਨਾਂ ਨੇ ਦਾਨੀਏਲ ਵਿੱਚ ਕੁਝ ਦੋਸ਼ ਲੱਭਣ ਦੀ ਯੋਜਨਾ ਬਣਾਈ ਤਾਂ ਜੋ ਉਹ ਬਾਦਸ਼ਾਹ ਦੇ ਅੱਗੇ ਦਾਨੀਏਲ ਨੂੰ ਮੁਸੀਬਤ ਵਿੱਚ ਪਾਉਣ।



4

ਕੋਈ ਫਰਕ ਨਹੀ ਪੈਂਦਾ ਉਹਨਾ ਕਿਵੇਂ ਕੋਸ਼ਿਸ਼ ਕੀਤੀ, ਉਹਨਾ ਮਨਸਬਦਾਰਾਂ ਨੂੰ ਦਾਨੀਏਲ ਦੇ ਬਾਰੇ ਕੋਈ ਦੋਸ਼ ਨਾ ਮਿਲਿਆ। ਦਾਨੀਏਲ ਸਾਰੀਆਂ ਗੱਲਾਂ ਵਿੱਚ ਬਾਦਸ਼ਾਹ ਨਾਲ ਵਫਾਦਾਰ ਸੀ। ਨਾਲ ਹੀ ਉਹ ਸਮਝਦਾਰ ਅਤੇ ਚੁਕੰਨਾ ਸੀ, ਅਤੇ ਹਰ ਵੇਲੇ ਉਹ ਬਹੁਤ ਚੰਗਾ ਕਰਦਾ ਸੀ।



5

ਈਰਖਾਲੂ ਮਨਸਬਦਾਰ ਜਾਣ ਗਏ ਕੀ ਉਹ ਦਾਨੀਏਲ ਨੂੰ ਇੱਕ ਹੀ ਰਾਸਤੇ ਨਾਲ ਧੋਖਾ ਦੇ ਸਕਦੇ ਹਨ। ਉਹ ਜਾਣਦੇ ਸਨ ਕੀ ਧਰਤੀ ਤੇ ਕੋਈ ਵੀ ਉਸਨੂੰ ਇਸਰਏਲ ਦੇ ਪਰਮੇਸ਼ਵਰ ਦੀ ਉਪਾਸਨਾ ਕਰਨ ਤੋਂ ਨਹੀ ਰੋਕ ਸਕਦਾ।



6




ਦਾਨੀਏਲ ਦੇ ਦੁਸ਼ਮਣਾਂ ਨੇ ਇੱਕ ਯੋਜਨਾ ਬਣਾਈ। ਉਹਨਾ ਨੇ ਇੱਕ ਨਵਾਂ ਕਾਨੂੰਨ ਬਾਦਸ਼ਾਹ ਦੇ ਹਸਤਾਖਰ ਲਈ ਬਣਾਇਆ। ਕਾਨੂੰਨ ਕਹਿੰਦਾ ਸੀ ਕੀ ਸਾਰੇ ਬਾਦਸ਼ਾਹ ਦਾਰਾ ਦੇ ਆਗੇ ਪ੍ਰਾਥਨਾ ਕਰਨਗੇ। ਜੋ ਵੀ ਆਗਿਆ ਦੀ ਉਲੰਗਣਾ ਕਰੇਗਾ ਸ਼ੇਰਾਂ ਦੇ ਘੁਰੇ ਵਿੱਚ ਸੁਟਿਆ ਜਾਵੇਗਾ!

7

ਬਾਦਸ਼ਾਹ ਦਾਰਾ ਨੇ ਨਵੇਂ ਕਾਨੂੰਨ ਉੱਤੇ ਹਸਤਾਖਰ ਕੀਤੇ।



8


ਨਵਾਂ ਕਾਨੂੰਨ ਦਾਨੀਏਲ ਵਿੱਚ ਕੋਈ ਬਦਲਾਵ ਨਾ ਲਿਆ ਸਕਿਆ। ਉਸ ਨੇ ਉਵੇਂ ਹੀ ਕੀਤਾ ਜਿਵੇਂ ਉਹ ਹਮੇਸ਼ਾਂ ਕਰਦਾ ਸੀ। ਉਸ ਨੇ ਦਿਨ ਵਿੱਚ ਤਿੰਨ ਵਾਰ ਆਪਣੀ ਖੁੱਲੀ ਹੋਈ ਖਿੜਕੀ ਦੇ ਸਾਹਮਣੇ, ਆਪਣੇ ਸਵਰਗੀਯ ਪਰਮੇਸ਼ਵਰ ਦੇ ਸਾਹਮਣੇ ਪ੍ਰਾਥਨਾ ਕੀਤੀ।
9


ਈਰਖਾਲੂ ਮਨਸਬਦਾਰ ਛੇਤੀ ਨਾਲ ਬਾਦਸ਼ਾਹ ਨੂੰ ਦੱਸਣ ਗਏ। ਬਾਦਸ਼ਾਹ ਦਾਰਾ ਕੋਲ ਦਾਨੀਏਲ ਨੂੰ ਫੜਵਾਉਣ ਤੋਂ ਬਿਨਾਂ ਕੋਈ ਚਾਰਾ ਨਹੀ ਸੀ। ਕਾਨੂੰਨ ਦੀ ਪਾਲਣਾ ਜਰੂਰੀ ਸੀ। ਦਾਨੀਏਲ ਨੂੰ ਮਰਣਾ ਪੈਣਾ ਸੀ। ਬਾਦਸ਼ਾਹ ਨੇ ਸਖਤ ਕੋਸ਼ਿਸ਼ ਕੀਤੀ, ਪਰ ਉਹ ਕਾਨੂੰਨ ਨੂੰ ਬਦਲਣ ਦਾ ਕੋਈ ਰਸਤਾ ਨਾ ਕੱਢ ਸਕਿਆ।
10


ਦਾਨੀਏਲ ਨੂੰ ਸ਼ੇਰਾਂ ਦੇ ਘੁਰੇ ਵਿੱਚ ਸੁੱਟ ਕੇ ਮਾਰਣ ਦਾ ਹੁਕਮ ਦਿੱਤਾ ਗਿਆ। ਦਾਨੀਏਲ ਨੂੰ ਭੁੱਖੇ ਸ਼ੇਰਾਂ ਦੇ ਅੱਗੇ ਸੁੱਟਣ ਤੋਂ ਪਹਿਲਾਂ, ਬਾਦਸ਼ਾਹ ਦਾਰਾ ਨੇ ਉਸ ਨੂੰ ਆਖਿਆ, "ਤੇਰਾ ਪਰਮੇਸ਼ਵਰ, ਜਿਹ ਦੀ ਉਪਾਸਨਾ ਤੂੰ ਸਦਾ ਕਰਦਾ ਹੈ, ਉਹ ਤੈਨੂੰ ਬਚਾਵੇਗਾ!"
11


ਬਾਦਸ਼ਾਹ ਉਸ ਰਾਤ ਨਾਂ ਸੁੱਤਾ। ਅਗਲੀ ਸਵੇਰ ਉਹ ਮੂੰਹ ਹਨ੍ਹੇਰ ਹੀ ਉੱਠਿਆ, ਅਤੇ ਛੇਤੀ ਨਾਲ ਸ਼ੇਰਾਂ ਦੇ ਘੁਰੇ ਵੱਲ ਗਿਆ।
12


ਬਾਦਸ਼ਾਹ ਦਾਰਾ ਨੇ ਪੁਕਾਰਿਆ, "ਦਾਨੀਏਲ, ਜੀਉਂਦੇ ਪਰਮੇਸ਼ਵਰ ਦੇ ਉਪਾਸਕ, ਕੀ ਤੇਰਾ ਪਰਮੇਸ਼ਵਰ ਜਿਸ ਦੀ ਤੂੰ ਲਗਾਤਾਰ ਉਪਾਸਨਾ ਕਰਦਾ ਹੈ, ਤੈਨੂੰ ਸ਼ੇਰਾਂ ਥੋਂ ਬਚਾਉਣ ਯੋਗ ਹੋਇਆ?" ਸ਼ਾਇਦ ਉਸ ਨੇ ਉੱਤਰ ਦੀ ਆਸ ਨਹੀ ਕੀਤੀ ਸੀ। ਪਰ ਦਾਨੀਏਲ ਨੇ ਜਵਾਬ ਦਿੱਤਾ!
13


ਦਾਨੀਏਲ ਨੇ ਆਖਿਆ, "ਹੇ ਬਾਦਸ਼ਾਹ, ਮੇਰੇ ਪਰਮੇਸ਼ਵਰ ਨੇ ਦੂਤ ਭੇਜਿਆ ਅਤੇ ਸ਼ੇਰਾਂ ਦੇ ਮੂੰਹਾਂ ਨੂੰ ਬੰਦ ਰੱਖਿਆ ਹੈ, ਤਾਂ ਜੋ ਉਹ ਮੈਨੂੰ ਦੁਖ ਨਾ ਦੇ ਸਕਣ! ਅਤੇ ਨਾਲ ਹੀ, ਹੇ ਬਾਦਸ਼ਾਹ, ਮੈ ਤੇਰੇ ਅੱਗੇ ਵੀ ਬੁਰਾਈ ਨਹੀ ਕੀਤੀ।"
14

ਬਾਦਸ਼ਾਹ ਦਾਰਾ ਬਹੁਤ ਖੁਸ਼ ਹੋਇਆ! ਉਸ ਨੇ ਦਾਨੀਏਲ ਨੂੰ ਘੁਰੇ ਵਿੱਚੋਂ ਬਾਹਰ ਕੱਢਣ ਦੀ ਆਗਿਆ ਦਿੱਤੀ।



15

ਬਾਦਸ਼ਾਹ ਜਾਣ ਗਿਆ ਕੀ ਪਰਮੇਸ਼ਵਰ ਨੇ ਦਾਨੀਏਲ ਨੂੰ ਬਚਾਇਆ ਹੈ ਅਤੇ ਦਾਨੀਏਲ ਦੇ ਦੁਸ਼ਮਣ ਪਰਮੇਸ਼ਵਰ ਦੇ ਦੁਸ਼ਮਣ ਸਨ। ਉਸ ਨੇ ਹੁਕਮ ਦਿੱਤਾ, ...



16

... ਅਤੇ ਉਹ ਸਾਰੇ ਜਿਹਨਾਂ ਨੇ ਮੈਨੂੰ ਉਸ ਕਾਨੂੰਨ ਤੇ ਹਸਤਾਖਰ ਕਰਨ ਲਈ ਧੋਖਾ ਦਿੱਤਾ ਸ਼ੇਰਾਂ ਦੇ ਘੁਰੇ ਵਿੱਚ ਸੁੱਟ ਦਿਓ। ਸ਼ੇਰ ਉਹਨਾਂ ਨੂੰ ਖਾ ਗਏ।



17

ਬਾਦਸ਼ਾਹ ਦਾਰਾ ਚਾਹੁੰਦਾ ਸੀ ਕੀ ਸੰਸਾਰ ਜਾਣੇ ਜੋ ਸਵਰਗ ਦੇ ਪਰਮੇਸ਼ਵਰ ਨੇ ਆਪਣੇ ਵਫਾਦਾਰ ਸੇਵਕ ਦਾਨੀਏਲ ਨੂੰ ਬਚਾਇਆ ਹੈ। ਬਾਦਸ਼ਾਹ ਨੇ ਇੱਕ ਚਿੱਠੀ ਲਿਖੀ ਜਿਸ ਵਿੱਚ ਇਹ ਆਗਿਆ ਸੀ ਕੀ ਹਰ ਕੋਈ ਜਿੰਦਾ ਪਰਮੇਸ਼ਵਰ ਦੀ ਉਪਾਸਨਾ ਕਰੇ। ਅਤੇ ਬਾਦਸ਼ਾਹ ਨੇ ਦਾਨੀਏਲ ਨੂੰ ਮੁੜ ਸਨਮਾਨ ਅਤੇ ਅਧਿਕਾਰ ਦਿੱਤੇ।



18

ਦਾਨੀਏਲ ਅਤੇ ਸ਼ੇਰਾਂ ਦੇ ਘੁਰੇ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹ

ਦਾਨੀਏਲ ਦੀ ਕਿਤਾਬ 6

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੌਤ ਹੈ।

ਪਰਮੇਸ਼ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼ ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜ਼ੁਰਮਾਨਾਂ ਭਰੇ।ਯਿਸੂ ਮਸੀਹ ਜਿੰਦਾ ਹੋਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ ਪਰਮੇਸ਼ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜ਼ੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ਼ਵਰ ਨੂੰ ਆਖੋ : ਪਿਆਰੇ ਪਰਮੇਸ਼ਵਰ ਮੈ ਵਿਸ਼ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿੰਦਾਂ ਹੈ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾਂ ਬਣ ਕੇ,
ਆਮੀਨ। ਯਹੂੰਨਾ ਦੀ ਇੰਜ਼ੀਲ 3:16

ਬਾਈਬਲ ਨੂੰ ਪੜੋ ਅਤੇ ਪਰਮੇਸ਼ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।